BRAMPTON

**Media Release**

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਦੇ ਬੈਕਯਾਰਡ ਗਾਰਡਨ ਪ੍ਰੋਗਰਾਮ ਨੇ ਲੋੜਵੰਦ ਨਿਵਾਸੀਆਂ ਲਈ 10,000 ਪੌਂਡ ਤੋਂ ਵੱਧ ਸਬਜ਼ੀਆਂ ਪ੍ਰਦਾਨ ਕੀਤੀਆਂ

ਬ੍ਰੈਂਪਟਨ, ਓਨਟੈਰੀਓ (20 ਅਕਤੂਬਰ, 2020) – ਸਿਟੀ ਆਫ ਬ੍ਰੈਂਪਟਨ ਦਾ ਬੈਕਯਾਰਡ ਗਾਰਡਨ ਪ੍ਰੋਗਰਾਮ (Backyard Garden Program) ਹੁਣ ਪੂਰਾ ਹੋ ਗਿਆ ਹੈ। ਇਸ ਪ੍ਰੋਗਰਾਮ ਦੇ ਨਾਲ, ਅਪ੍ਰੈਲ ਤੋਂ ਅਕਤੂਬਰ 2020 ਤੱਕ, ਲੋੜਵੰਦ ਨਿਵਾਸੀਆਂ ਨੂੰ 10,000 ਪੌਂਡ ਤੋਂ ਵੱਧ ਸਬਜ਼ੀਆਂ ਦਾਨ ਕੀਤੀਆਂ ਗਈਆਂ।

ਬੈਕਯਾਰਡ ਗਾਰਡਨ ਪ੍ਰੋਗਰਾਮ ਦੇ ਚੇਅਰ, ਵਾਰਡਸ 2 ਅਤੇ 6 ਦੇ ਸਿਟੀ ਕਾਉਂਸਲਰ ਡਗ ਵ੍ਹਿਲੈਨਸ (Doug Whillans) ਹਨ। ਇਹ ਪ੍ਰੋਗਰਾਮ ਸਿਟੀ ਦੇ ਪਾਰਕਸ ਮੈਂਟੇਨੈਂਸ ਐਂਡ ਫੋਰੈਸਟਰੀ (Parks Maintenance and Forestry) ਡਿਵੀਜ਼ਨ ਦੀ ਮਦਦ ਨਾਲ ਕੀਤਾ ਗਿਆ ਹੈ। ਕੋਵਿਡ-19 (COVID-19) ਨੂੰ ਰੋਕਣ ਦੀ ਪ੍ਰਤੀਕਿਰਿਆ ਦੇ ਦੌਰਾਨ ਕੈਨੇਡਾ ਵਿੱਚ ਇਸ ਤਰ੍ਹਾਂ ਦੇ ਪਹਿਲੇ ਪ੍ਰੋਗਰਾਮ ਵਜੋਂ, ਇਸਦੀ ਸ਼ੁਰੂਆਤ 15 ਅਪ੍ਰੈਲ ਨੂੰ ਕੀਤੀ ਗਈ ਸੀ। ਇਹ ਕਮਿਉਨਿਟੀ ਗਾਰਡਨਸ (Community Gardens) ਪ੍ਰੋਗਰਾਮ ਦਾ ਵਿਸਤਾਰ ਹੈ।

ਇਸ ਪ੍ਰੋਗਰਾਮ ਨੇ ਮੇਅਰ ਦੀ ਕੋਵਿਡ-19 ਸੋਸ਼ਲ ਸਪੋਰਟ ਟਾਸਕ ਫੋਰਸ (Mayor's COVID-19 Social Support Task Force) ਨੂੰ ਭੋਜਨ ਸਬੰਧੀ ਵਸੀਲੇ ਪ੍ਰਦਾਨ ਕੀਤੇ, ਜਿਸਨੇ ਬ੍ਰੈਂਪਟਨ ਦੇ ਕਮਜ਼ੋਰ ਭਾਈਚਾਰਿਆਂ ਨੂੰ ਜ਼ਰੂਰੀ ਸਮਾਜਿਕ ਸਹਾਇਤਾ ਦੀ ਸਹੂਲਤ ਦਿੱਤੀ।

ਸਾਰੇ ਬ੍ਰੈਂਪਟਨ ਵਾਸੀਆਂ ਲਈ ਖੁੱਲੇ ਇਸ ਪ੍ਰੋਗਰਾਮ ਨੇ ਨਿਵਾਸੀਆਂ ਨੂੰ ਉਹਨਾਂ ਦੇ ਨਵੇਂ ਗਾਰਡਨਾਂ ਲਈ ਮਿੱਟੀ, ਬੀਜਾਂ ਦੇ ਪੈਕੇਟ ਅਤੇ ਸਬਜ਼ੀਆਂ ਆਦਿ ਉਗਾਉਣ ਸਬੰਧੀ ਸਲਾਹ ਪ੍ਰਦਾਨ ਕੀਤੀ। ਅਪ੍ਰੈਲ ਤੋਂ ਅਕਤੂਬਰ ਤੱਕ, ਨਿਵਾਸੀਆਂ ਨੇ ਆਪਣੇ ਖੁਦ ਦੇ ਬੈਕਯਾਰਡ ਗਾਰਡਨਾਂ ਵਿੱਚ ਸਬਜ਼ੀਆਂ ਆਦਿ ਉਗਾਈਆਂ, ਜਿਹਨਾਂ ਵਿੱਚੋਂ ਕੁਝ ਉਹਨਾਂ ਦੀ ਵਾਢੀ ਕਰ ਰਹੇ ਹਨ ਅਤੇ ਦੂਜੇ ਲੋਕਲ ਫੂਡ ਬੈਂਕਾਂ ਅਤੇ ਭਾਈਚਾਰਕ ਸੰਗਠਨਾਂ ਨੂੰ ਦਾਨ ਕਰ ਰਹੇ ਹਨ, ਜਿਹਨਾਂ ਵਿੱਚ ਸ਼ਾਮਲ ਹਨ, ਨਾਈਟਸ ਟੇਬਲ (Knights Table), ਰੀਜੈਨਰੇਸ਼ਨ (Regeneration), ਖਾਲਸਾ ਏਡ (Khalsa Aid) ਅਤੇ ਯੂਨਾਈਟੇਡ ਸਿੱਖਸ (United Sikhs)।

ਤਾਜ਼ੀ ਫਸਲ ਦੇ ਨਾਲ ਲੋੜਵੰਦ ਨਿਵਾਸੀਆਂ ਦੀ ਮਦਦ ਕਰਨ ਤੋਂ ਇਲਾਵਾ, ਇਸ ਈਕੋ-ਫ੍ਰੈਂਡਲੀ ਪਹਿਲਕਦਮੀ ਨੇ ਨਿਵਾਸੀਆਂ ਨੂੰ ਕੋਵਿਡ-19 ਦੇ ਦੌਰਾਨ ਕਿਰਿਆਸ਼ੀਲ ਰਹਿਣ ਲਈ ਉਤਸ਼ਾਹਿਤ ਕੀਤਾ ਅਤੇ ਘਰ ਵਿਖੇ ਗਤੀਵਿਧੀ ਪ੍ਰਦਾਨ ਕਰਕੇ ਬ੍ਰੈਂਪਟਨ ਵਾਸੀਆਂ ਦੀ ਮਾਨਸਿਕ ਸਿਹਤ ਕਾਇਮ ਰੱਖਣ ਵਿੱਚ ਮਦਦ ਕੀਤੀ। ਇਹ ਪਹਿਲੀ ਵਾਰ ਬਾਗਬਾਨੀ ਕਰਨ ਵਾਲੇ ਲੋਕਾਂ ਵਾਸਤੇ, ਬਾਗਬਾਨੀ ਬਾਰੇ ਸਿੱਖਣ ਅਤੇ ਨਵਾਂ ਸ਼ੌਕ ਅਜਮਾਉਣ ਦਾ ਵੀ ਮੌਕਾ ਸੀ।

ਸਿਟੀ ਆਫ ਬ੍ਰੈਂਪਟਨ, ਇਸ ਪ੍ਰੋਗਰਾਮ ਨੂੰ ਸੰਭਵ ਬਣਾਉਣ ਲਈ ਆਪਣੇ ਹਿਮਾਇਤੀਆਂ ਸਕੋਟਸ (Scotts), ਮੈਟਮੀ ਹੋਮਸ (Mattamy Homes), ਪੈਰਾਡਾਈਜ ਡੈਵਲੈਪਮੈਂਟਸ (Paradise Developments), ਟੀ.ਏ.ਸੀ.ਸੀ. ਹੋਲਬੋਰਨ ਕਾਰਪੋਰੇਸ਼ਨ (TACC Holborn Corporation) ਅਤੇ ਫੀਲਡਗੇਟ ਡੈਵਲੈਪਮੈਂਟਸ (Fieldgate Developments) ਦਾ ਧੰਨਵਾਦ ਕਰਦੀ ਹੈ।

**ਕ੍ਰਮਵਾਰ ਕੰਮ**

- ਪ੍ਰੋਗਰਾਮ ਸ਼ੁਰੂ ਹੋਣ ਦੇ ਤਿੰਨ ਦਿਨਾਂ ਦੇ ਅੰਦਰ ਹੀ, 6,000 ਨਿਵਾਸੀਆਂ ਨੇ ਰਜਿਸਟਰੇਸ਼ਨ ਕਰਵਾਇਆ।
- 45 ਤੋਂ ਵੱਧ ਵਾਲੰਟੀਅਰਾਂ ਨੇ ਹਿੱਸਾ ਲੈਣ ਵਾਲਿਆਂ ਨੂੰ ਮੁਫ਼ਤ ਬੀਜ ਪ੍ਰਦਾਨ ਕਰਨ ਵਿੱਚ ਸਹਾਇਤਾ ਲਈ 490 ਘੰਟੇ ਕੰਮ ਕੀਤਾ।
- ਸਟਾਫ਼ ਅਤੇ ਵਾਲੰਟੀਅਰਾਂ ਨੇ ਹਿੱਸਾ ਲੈਣ ਵਾਲਿਆਂ ਨੂੰ 3,057 ਯਾਰਡਾਂ ਤੱਕ ਮਿੱਟੀ ਦੇ ਢੇਰ; ਮਿੱਟੀ ਦੇ 8,553 ਬੈਗ; ਅਤੇ ਬੀਜਾਂ ਦੇ 15,162 ਪੈਕੇਟ ਪ੍ਰਦਾਨ ਕੀਤੇ।

**ਹਵਾਲੇ**

"ਅਸੀਂ ਬੈਕਯਾਰਡ ਗਾਰਡਨ ਪ੍ਰੋਗਰਾਮ ਅਤੇ ਕਾਉਂਸਲਰ ਵ੍ਹਿਲੈਨਸ ਦੀ ਲੀਡਰਸ਼ਿਪ ਲਈ ਸ਼ਾਨਦਾਰ ਪ੍ਰਤੀਕਿਰਿਆ ਵੇਖੀ। ਸਾਨੂੰ ਮਾਣ ਹੈ ਕਿ ਕੈਨੇਡਾ ਵਿੱਚ ਇਸ ਤਰ੍ਹਾਂ ਦੀ ਪਹਿਲੀ ਪਹਿਲਕਦਮੀ ਵਜੋਂ, ਬ੍ਰੈਂਪਟਨ ਵਿੱਚ ਇਸ ਪਹਿਲਕਦਮੀ ਨੇ, ਨੇੜੇ ਅਤੇ ਦੂਰ ਦੇ ਸ਼ਹਿਰਾਂ ਨੂੰ ਪ੍ਰੇਰਿਤ ਕਰਦੇ ਹੋਏ ਜਿੱਤ ਹਾਸਲ ਕੀਤੀ। ਕੋਵਿਡ-19 ਸੋਸ਼ਲ ਸਪੋਰਟ ਟਾਸਕ ਫੋਰਸ ਨੇ, ਮੁਸ਼ਕਲ ਸਮੇਂ ਦੇ ਦੌਰਾਨ, ਨਾਈਟਸ ਟੇਬਲ ਅਤੇ ਰੇਗੇਨ ਦੁਆਰਾ, ਕਮਜ਼ੋਰ ਬ੍ਰੈਂਪਟਨ ਵਾਸੀਆਂ ਨੂੰ ਭੋਜਨ ਸਬੰਧੀ ਜ਼ਰੂਰੀ ਮਦਦ ਪ੍ਰਦਾਨ ਕੀਤੀ। ਨਾਲ ਹੀ, ਜਿਹਨਾਂ ਨੇ ਸਬਜ਼ੀਆਂ ਆਦਿ ਉਗਾ ਕੇ ਆਪਣੀ ਫਸਲ ਦਾਨ ਕੀਤੀ, ਉਹਨਾਂ ਨੇ ਸਾਡੇ ਫੂਡ ਬੈਂਕਾਂ ਤੇ ਦਬਾਅ ਨੂੰ ਘਟਾਇਆ, ਸਾਡੇ ਵਾਤਾਵਰਣ ਦੀ ਮਦਦ ਕੀਤੀ ਅਤੇ ਸਾਨੂੰ ਸਾਰਿਆਂ ਨੂੰ ਮਾਣ ਕਰਨ ਯੋਗ ਬਣਾਇਆ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਾਡਾ ਸਭ ਤੋਂ ਪਹਿਲਾ ਬੈਕਯਾਰਡ ਗਾਰਡਨ ਪ੍ਰੋਗਰਾਮ, ਬ੍ਰੈਂਪਟਨ ਵਿੱਚ ਇੱਕ ਵੱਡੀ ਸਫਲਤਾ ਸੀ। ਅਸੀਂ ਹਜ਼ਾਰਾਂ ਨਿਵਾਸੀਆਂ ਲਈ ਬੀਜ ਅਤੇ ਮਿੱਟੀ ਲਿਆਂਦੀ, ਜਿਸਨੇ ਲੋੜਵੰਦ ਨਿਵਾਸੀਆਂ ਨੂੰ 10,000 ਪੌਂਡ ਤੋਂ ਵੱਧ ਸਬਜ਼ੀਆਂ ਪ੍ਰਦਾਨ ਕੀਤੀਆਂ। ਮੈਂ ਹਰ ਉਸ ਨਿਵਾਸੀ ਅਤੇ ਕਾਰੋਬਾਰੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਜੋ ਇਸ ਵੱਡੀ ਤਬਦੀਲੀ ਵਾਲੀ ਪਹਿਲਕਦਮੀ ਦਾ ਹਿੱਸਾ ਸੀ, ਜਿਸਨੇ ਹਰ ਕਿਸੇ ਨੂੰ ਇਸ ਸਾਲ ਬਾਗਬਾਨੀ ਕਰਨ, ਆਊਟਡੋਰ ਅਨੰਦ ਮਾਣਨ ਅਤੇ ਸਾਡੇ ਭਾਈਚਾਰੇ ਨੂੰ ਦਾਨ ਦੇਣ ਲਈ ਉਤਸ਼ਾਹਿਤ ਕੀਤਾ।"

- *ਡਗ ਵ੍ਹਿਲੈਨਸ (Doug Whillans), ਸਿਟੀ ਕਾਉਂਸਲਰ, ਵਾਰਡਸ 2 ਅਤੇ 6, ਸਿਟੀ ਆਫ ਬ੍ਰੈਂਪਟਨ*

"ਸਿਟੀ ਦੇ ਸਟਾਫ਼ ਨੇ, ਬੈਕਯਾਰਡ ਗਾਰਡਨ ਪ੍ਰੋਗਰਾਮ ਨੂੰ ਲਾਗੂ ਕਰਨ ਵਿੱਚ ਸਖ਼ਤ ਮਿਹਨਤ ਕਰਕੇ, ਸਾਡੇ ਭਾਈਚਾਰੇ ਲਈ ਸ਼ਾਨਦਾਰ ਵਚਨਬੱਧਤਾ ਅਤੇ ਪਰਵਾਹ ਦਰਸਾਈ ਹੈ। ਅਸੀਂ ਨਤੀਜਿਆਂ ਤੋਂ ਬੇਹੱਦ ਪ੍ਰਭਾਵਿਤ ਹਾਂ। ਬ੍ਰੈਂਪਟਨ ਇੱਕ ਗ੍ਰੀਨ ਸਿਟੀ ਹੈ, ਜੋ ਟਰਮ ਆਫ ਕਾਉਂਸਿਲ ਪ੍ਰਾਇਰਟੀ ਲਈ ਮਹੱਤਵਪੂਰਣ ਹੈ। ਇਸ ਪ੍ਰੋਗਰਾਮ ਨੇ, ਨਿਵਾਸੀਆਂ ਨੂੰ ਕਿਰਿਆਸ਼ੀਲ ਰੱਖਿਆ ਅਤੇ ਬ੍ਰੈਂਪਟਨ ਵਿੱਚ ਵਿਅਕਤੀਆਂ ਅਤੇ ਪਰਿਵਾਰਾਂ ਨੂੰ ਭੋਜਨ ਸਬੰਧੀ ਸੁਰੱਖਿਆ ਪ੍ਰਦਾਨ ਕੀਤੀ ਹੈ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਦਾ ਬੈਕਯਾਰਡ ਗਾਰਡਨ ਪ੍ਰੋਗਰਾਮ, ਇੱਕ ਸ਼ਾਨਦਾਰ ਪਹਿਲਕਦਮੀ ਸੀ। ਜਿਹਨਾਂ ਕਮਜ਼ੋਰ ਪਰਿਵਾਰਾਂ, ਵਿਅਕਤੀਆਂ ਅਤੇ ਬਜ਼ੁਰਗਾਂ ਲਈ ਅਸੀਂ ਕੰਮ ਕਰਦੇ ਹਾਂ, ਉਹਨਾਂ ਵਿੱਚੋਂ ਕਈ ਸਿਹਤ ਸਬੰਧੀ ਸਮੱਸਿਆਵਾਂ ਨਾਲ ਜੂਝ ਰਹੇ ਹਨ। ਚੰਗੀ ਸਿਹਤ ਕਾਇਮ ਰੱਖਣ ਵਿੱਚ ਉਹਨਾਂ ਦੀ ਮਦਦ ਲਈ, ਤਾਜ਼ੇ ਫਲ ਅਤੇ ਸਬਜ਼ੀਆਂ ਜ਼ਰੂਰੀ ਹਨ। ਗਾਰਡਨ ਪ੍ਰੋਗਰਾਮ ਇੱਕ ਮੁੱਲਵਾਨ ਵਸੀਲਾ ਸੀ, ਜਿਸਨੇ ਭੋਜਨ ਤੋਂ ਵਾਂਝੇ ਪਰਿਵਾਰਾਂ ਨੂੰ ਬੇਹੱਦ ਲੋੜੀਂਦੀਆਂ ਸਬਜ਼ੀਆਂ ਆਦਿ ਪ੍ਰਦਾਨ ਕੀਤੀਆਂ।"

- *ਐਨੀ ਬਾਇਨੇ (Annie Bynoe), ਐਗਜ਼ੀਕਿਊਟਿਵ ਡਾਇਰੈਕਟਰ, ਨਾਈਟਸ ਟੇਬਲ*

"ਸਿਟੀ ਆਫ ਬ੍ਰੈਂਪਟਨ ਦਾ ਬੈਕਯਾਰਡ ਗਾਰਡਨ ਪ੍ਰੋਗਰਾਮ, ਬਹੁਤ ਵੱਡੀ ਸਫਲਤਾ ਸੀ। ਰੀਜੈਨਰੇਸ਼ਨ ਆਊਟਰੀਚ ਕਮਿਊਨਿਟੀ ਨੂੰ ਮਿਲੀ ਤਾਜ਼ੀ ਫਸਲ ਉਹਨਾਂ ਬ੍ਰੈਂਪਟਨ ਵਾਸੀਆਂ ਦੀਆਂ ਜ਼ਿੰਦਗੀਆਂ ਤੇ ਸਿੱਧਾ ਅਸਰ ਸੀ, ਜਿਹਨਾਂ ਨੇ ਸਾਡੇ ਭੋਜਨ ਸਬੰਧੀ ਪ੍ਰੋਗਰਾਮ ਅਤੇ ਸਾਡੇ ਐਮਰਜੈਂਸੀ ਫੂਡ ਬੈਂਕ ਤੱਕ ਪਹੁੰਚ ਪ੍ਰਾਪਤ ਕੀਤੀ। ਅਸੀਂ ਸਾਡੇ ਨਿਵਾਸੀਆਂ ਨੂੰ ਹਿੱਸਾ ਲੈਣ ਵਾਸਤੇ ਉਤਸ਼ਾਹਿਤ ਕਰਨ ਲਈ, ਸਿਟੀ ਦੇ ਦ੍ਰਿਸ਼ਟੀਕੋਣ ਲਈ ਦਿਲੋਂ ਧੰਨਵਾਦੀ ਹਾਂ।"

- *ਟੇਡ ਬ੍ਰਾਊਨ (Ted Brown), ਸੀ.ਈ.ਓ., ਰੀਜੈਨਰਸ਼ਨ ਆਊਟਰੀਚ ਕਮਿਊਨਿਟੀ*



The Corporation of The City of Brampton
2 Wellington Street West, Brampton, ON L6Y 4R2 311 TTY: 905.874.2130

# BRAMPTON

## Media Release

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।


**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca